# ਰਤਨੋ ਮਾਂ ਕੇਹੜਾ ਓ ਗੋਆਲ ਤੇਰੀਆਂ ਗਊਆਂ ਚਾਰਦਾ

ਰਤਨੋ ਮਾਂ, ਕੇਹੜਾ ਓ ਗੋਆਲ ਤੇਰੀਆਂ ਗਊਆਂ ਚਾਰਦਾ |
ਗੋਰਖ ਜੀ, ਓ ਬਾਬਾ ਬਲਾਕ ਨਾਥ ਮੇਰੀਆਂ ਗਊਆਂ ਚਾਰਦਾ ||

ਰਤਨੋ ਮਾਂ, ਬਾਬਾ ਬਾਲਕ ਨਾਥ ਜੋਗੀ ਕੇਹੜੇ ਦੇਸ਼ ਦਾ |
ਗੋਰਖ ਜੀ, ਓ ਬਾਬਾ ਬਾਲਕ ਨਾਥ ਦਖਣ ਦੇਸ਼ ਦਾ ||

ਰਤਨੋ ਮਾਂ, ਓ ਕੌਣ ਇਸ ਜੋਗੀਏ ਦੇ ਮਾਤ ਪਿਤਾ |
ਗੋਰਖ ਜੀ, ਓ ਲਕਸ਼ਮੀ ਤੇ ਵਿਸ਼ਣੁ ਹੈ ਮਾਤ ਪਿਤਾ ||

ਰਤਨੋ ਮਾਂ, ਓ ਕੌਣ ਗੁਰੂ ਹੈ ਓ ਬਾਬਾ ਬਾਲਕ ਨਾਥ ਦਾ |
ਗੋਰਖ ਜੀ, ਰਿਸ਼ੀ ਓ ਦੱਤਾਤ੍ਰੇ ਗੁਰੂ ਹੈ ਬਾਲਕ ਨਾਥ ਦਾ ||

ਰਤਨੋ ਮਾਂ, ਇਸ ਜੋਗੀਏ ਦੇ ਕੰਨਾ ਮੁੰਦਰਾ ਕੀਨੇ ਪਾਈਆਂ |
ਗੋਰਖ ਜੀ, ਇਸ ਜੋਗੀਏ ਦੇ ਕੰਨਾ ਮੁੰਦਰਾਂ ਗੁਰੂਆਂ ਪਾਈਆਂ ||

ਰਤਨੋ ਮਾਂ, ਕਿਸ ਕਾਰਣ ਬਾਬਾ ਬਾਲਕ ਤੇਰੀਆਂ ਗਊਆਂ ਚਾਰਦਾ |
ਗੋਰਖ ਜੀ, ਲੇਖਾਂ ਦਾ ਲਿਖੇਆ ਜੋਗੀ ਆਪਣਾ ਕਰਮ ਨਿਭਾਵੰਦਾ ||

https://bhajanganga.com/bhajan/lyrics/id/105/title/ratno-maa-kehda-o-gawaal-teriya-gauaan-chaarda

अपने Android मोबाइल पर BhajanGanga App डाउनलोड करें और भजनों का आनंद ले |